Planning and Development Services
Building Division
8850 McLaughlin Road, Unit 1
Brampton, ON L6Y 5T1

# ਬਿਲਡਿੰਗ ਪਰਮਿਟ ਸਬੰਧੀ ਸ਼ਰਤਾਂ

## ਗਰਾਜ / ਕਾਰੋਪਰਟਸ

**ਬਿਨੈਕਾਰ ਧਿਆਨ ਦੇਣ:** ਕਿਰਪਾ ਕਰਕੇ ਬਿਲਡਿੰਗ ਪਰਮਿਟ ਲਈ ਅਰਜ਼ੀ ਜਮ੍ਹਾਂ ਕਰਨ ਤੋਂ ਪਹਿਲਾਂ, ਇਹ ਨਿਰਧਾਰਤ ਕਰਨ ਲਈ ਕਿ ਸਿਟੀ ਆਫ ਬ੍ਰੈਂਪਟਨ, ਜ਼ੋਨਿੰਗ ਬਾਇ-ਲਾ (Zoning By-law) ਦੇ ਮੁਤਾਬਿਕ, ਪ੍ਰਸਤਾਵਿਤ ਗਰਾਜ / ਕਾਰੋਪਰਟਸ ਦੀ ਇਜਾਜ਼ਤ ਦਿੱਤੀ ਗਈ ਹੈ ਜਾਂ ਨਹੀਂ, ਬਿਲਡਿੰਗ ਡਿਵੀਜ਼ਨ (Building Division) ਦੇ ਜ਼ੋਨਿੰਗ ਪਲਾਨਸ ਐਗਜਮਾਈਨਰ (Zoning Plans Examiner) ਨੂੰ ਪੁੱਛੋ।

## ਬਿਲਡਿੰਗ ਪਰਮਿਟ ਅਰਜ਼ੀ

1. **ਬਿਲਡਿੰਗ ਪਰਮਿਟ ਲਈ ਪੂਰੀ ਕੀਤੀ ਅਰਜ਼ੀ ਵਿੱਚ** ਇਹ ਸ਼ਾਮਲ ਹੁੰਦਾ ਹੈ:
   - ਅਰਜ਼ੀ ਫਾਰਮ "ਉਸਾਰੀ ਕਰਨ ਜਾਂ ਢਾਹੁਣ ਲਈ ਪਰਮਿਟ"
   - ਸ਼ੈਡਿਊਲ 1: ਡਿਜ਼ਾਈਨਰ ਦੀ ਜਾਣਕਾਰੀ
   - ਲਾਗੂ ਕਨੂੰਨੀ ਜਾਂਚ ਸੂਚੀ
2. ਇਹਨਾਂ ਸਮੇਤ ਯੋਜਨਾਵਾਂ ਦੀਆਂ **ਦੋ (2) ਕਾਪੀਆਂ**:
   - ਮੌਜੂਦਾ ਬਿਲਡਿੰਗਾਂ ਅਤੇ ਪ੍ਰਾਪਰਟੀ ਲਾਈਨ ਦੇ ਸਬੰਧ ਵਿਚ ਢਾਂਚੇ ਦਾ ਸਥਾਨ ਅਤੇ ਪਰਿਮਾਪ ਵਿਖਾਉਂਦੇ ਹੋਏ - ਸਾਈਟ ਯੋਜਨਾ ਅਤੇ ਕਨੂੰਨੀ ਪ੍ਰਾਪਰਟੀ ਸਰਵੇਖਣ।
   - ਯੋਜਨਾ ਦ੍ਰਿਸ਼ - ਲੰਮਾਈ ਅਤੇ ਚੌੜਾਈ ਅਤੇ ਛੱਤ ਦੀ ਫ੍ਰੇਮਿੰਗ ਦੱਸਦੇ ਹੋ। ਛੱਤ ਸਬੰਧੀ ਨਿਕਾਸ-ਪ੍ਰਬੰਧ ਵਿਧੀ ਵਿਖਾਓ। ਕਾਰਪੋਰਟਸ ਲਈ ਥੰਮ੍ਹ ਦਾ ਮੈਟੀਰੀਅਲ, ਆਕਾਰ ਅਤੇ ਸਥਾਨ ਦੱਸੋ
   - ਸੈਕਸ਼ਨ – ਕਾਰਪੋਰਟਸ ਅਤੇ ਗਰਾਜ ਦੇ ਦਰਵਾਜ਼ੇ ਦੇ ਖੁੱਲ੍ਹਣ ਵਾਲੇ ਹਿੱਸਿਆਂ ਲਈ ਆਧਾਰ, ਨੀਂਹ, ਗਰਾਜ ਦੇ ਫਰਸ਼ ਦੀ ਉਸਾਰੀ, ਕੰਧ ਦੀ ਉਸਾਰੀ, ਛੱਤ ਦੀ ਉਸਾਰੀ, ਬੀਮ ਦੇ ਆਕਾਰ
   - ਉਚਾਈਆਂ – ਸਾਰੇ ਖੁੱਲ੍ਹਣ ਵਾਲੇ ਹਿੱਸਿਆਂ (ਖਿੜਕੀਆਂ ਅਤੇ ਦਰਵਾਜੇ) ਅਤੇ ਚੁਗਾਠ ਦੇ ਆਕਾਰ
   - ਵੇਰਵੇ – ਨਾਲ ਜੁੜੇ ਗਰਾਜਾਂ ਅਤੇ ਕਾਰਪੋਰਟਸ ਲਈ ਘਰ ਵਾਸਤੇ ਅਟੈਚਮੈਂਟ ਦੀ ਵਿਧੀ ਵਿਖਾਓ। ਗੈਸ ਪ੍ਰੂਫਿੰਗ ਦੀ ਵਿਧੀ ਵਿਖਾਓ, ਜਿੱਥੇ ਗਰਾਜ ਰਿਹਾਇਸ਼ ਵਾਲੀ ਯੂਨਿਟ ਨਾਲ ਜੁੜਿਆ ਹੁੰਦਾ ਹੈ
3. **ਪਰਮਿਟ ਫੀਸ** $280.50

## ਬਿਲਡਿੰਗ ਪਰਮਿਟ ਜਾਰੀ ਕਰਨਾ

1. ਜਿੱਥੇ ਪਰਮਿਟ, ਰਜਿਸਟਰਡ ਕੋਂਡੋਮਿਨਿਅਮ ਦੇ ਸਾਂਝੇ ਹਿੱਸੇ ਦੇ ਅੰਦਰ ਉਸਾਰੀ ਕਰਨ ਲਈ ਜਾਰੀ ਕੀਤਾ ਜਾਂਦਾ ਹੈ, ਉੱਥੇ ਬਿਲਡਿੰਗ ਜਾਂ ਪ੍ਰਾਪਰਟੀ ਦੇ ਸਾਂਝੇ ਹਿੱਸੇ ਦੇ ਅੰਦਰ ਕੀਤੇ ਜਾਣ ਵਾਲੇ ਕੰਮ ਦੀ ਇਜਾਜ਼ਤ ਵਾਸਤੇ, ਕੋਂਡੋਮਿਨਿਅਮ ਕਾਰਪੋਰੇਸ਼ਨ ਦੇ ਅਧਿਕਾਰਤ ਏਜੰਟ ਵੱਲੋਂ ਦਸਤਖ਼ਤ ਕੀਤਾ ਇੱਕ ਉਸਾਰੀ ਲਈ ਇਜਾਜ਼ਤ ਦਾ ਨੋਟਿਸ (Notice of Permission to Construct) ਫਾਰਮ ਜਮ੍ਹਾਂ ਕੀਤਾ ਜਾਵੇਗਾ।